# ਦਫਤਰ ਰਜਿਸਟਰਾਰ ਸਹਿਕਾਰੀ ਸਭਾਵਾਂ, ਪੰਜਾਬ ਚੰਡੀਗੜ੍ਹ।
## (ਰਿਣ ਸ਼ਾਖਾ)

ਵੱਲ

ਸਮੂਹ ਸੰਯੁਕਤ ਰਜਿਸਟਰਾਰ,
ਸਹਿਕਾਰੀ ਸਭਾਵਾਂ,
ਖੇਤਰ ਵਿੱਚ।

ਮੀਮੋ ਨੰ: ਰਿਣ/ਸੀਏ.5/ਪੀ-25/ਸਭਾਵਾਂ ਦੇ ਪੁਨਰਗਠਨ/ 5377-79
ਮਿਤੀ 30-9-13

ਵਿਸ਼ਾ :- ਪ੍ਰਾਈਮਰੀ ਸਭਾਵਾਂ ਦੀ ਬਾਈਫਰਕੇਸ਼ਨ ਸਬੰਧੀ।

ਹਵਾਲਾ :- ਮੁੱਖ ਦਫਤਰ ਦਾ ਪੱਤਰ ਨੰ: ਰਿਣ/ਸੀਏ.5/ਪੀ-25/760 ਮਿਤੀ 9.9.98.

ਉਕੱਤ ਵਿਸ਼ੇ ਸਬੰਧੀ ਆਪ ਦਾ ਧਿਆਨ ਮੁੱਖ ਦਫਤਰ ਦੇ ਹਵਾਲਾ ਅਧੀਨ ਪੱਤਰ ਵੱਲ ਦਵਾਉਂਦੇ ਹੋਏ ਲਿਖਿਆ ਜ਼ਾਂਦਾ ਹੈ ਕਿ ਵੇਖਣ ਵਿੱਚ ਆਇਆ ਹੈ ਕਿ ਸਭਾਵਾਂ ਦਾ ਗਠਨ/ਪੁਨਰਗਠਨ ਕਰਨ ਸਮੇਂ Viability ਦਾ ਧਿਆਨ ਨਹੀਂ ਰੱਖਿਆ ਜ਼ਾਂਦਾ। ਜਿਸ ਕਾਰਨ ਸਭਾਵਾਂ ਦੀ ਹੋਂਦ ਖਤਰੇ ਵਿੱਚ ਆ ਰਹੀ ਹੈ। ਇਸ ਲਈ ਆਪ ਨੂੰ ਇਸ ਪੱਤਰ ਰਾਂਹੀਂ ਲਿਖਿਆ ਜ਼ਾਂਦਾ ਹੈ ਕਿ ਜਨਵਰੀ 2010 ਤੋਂ ਲੈਕੇ ਸਤੰਬਰ 2013 ਤੱਕ ਨਵੀਂਆਂ ਬਣਾਈਆਂ ਗਈਆਂ ਸਭਾਵਾਂ ਅਤੇ ਬਾਈਫਰਕੇਸ਼ਨ ਉਪਰੰਤ ਬਣਾਈਆਂ ਗਈਆਂ ਸਭਾਵਾਂ ਦੀ ਰਿਪੋਰਟ 15 ਦਿਨਾਂ ਦੇ ਅੰਦਰ-2 ਇਸ ਦਫਤਰ ਨੂੰ ਭੇਜੀ ਜਾਣੀ ਯਕੀਨੀ ਬਣਾਈ ਜਾਵੇ।

ਵਧੀਕ ਰਜਿਸਟਰਾਰ(ਰਿਣ)
ਵਾ.ਰਜਿਸਟਰਾਰ ਸਹਿਕਾਰੀ ਸਭਾਵਾਂ,
ਪੰਜਾਬ,ਚੰਡੀਗੜ੍ਹ।

(150) (55)

**ਦਫਤਰ ਰਜਿਸਟਰਾਰ, ਸਹਿਕਾਰੀ ਸਭਾਵਾਂ, ਪੰਜਾਬ, ਚੰਡੀਗੜ੍ਹ।**
**(ਰਿਣ ਸ਼ਾਖਾ)**

ਵੱਲ

ਸਮੂਹ ਸੰਯੁਕਤ/ਉਪ/ਸਹਾਇਕ ਰਜਿਸਟਰਾਰ,
ਸਹਿਕਾਰੀ ਸਭਾਵਾਂ, ਪੰਜਾਬ ਰਾਜ ਵਿੱਚ।

ਨੰ:ਰਸਸ/ਰਿਣ/ਸੀ.ਏ.5/ 678
ਮਿਤੀ 21-1-13

ਵਿਸ਼ਾ : ਦੀ ਪੰਜਾਬ ਸਟੇਟ ਕੋਆਪਰੇਟਿਵ ਐਗਰੀ ਸਰਵਿਸ ਸੋਸਾਇਟੀਜ਼ ਸਰਵਿਸ ਰੂਲਜ, 1997 ਦੀ ਸੋਧ ਬਾਰੇ।

ਪ੍ਰਾਇਮਰੀ ਖੇਤੀਬਾੜੀ ਸਹਿਕਾਰੀ ਸਭਾਵਾਂ ਵਿੱਚ ਕੰਮ ਕਰਦੇ ਸਕੱਤਰ ਅਤੇ ਸੇਲਜ਼ਮੈਨ ਦੀਆਂ ਅਸਾਮੀਆਂ ਮਹੱਤਵਪੂਰਨ ਹਨ ਜਿਨ੍ਹਾਂ ਵੱਲੋਂ ਅੱਜ ਦੇ ਯੁੱਗ ਵਿੱਚ ਪੇਸ਼ੇਵਾਰਾਨਾ ਅਤੇ ਤਕਨੀਕੀ ਮੁਹਾਰਤ ਨਾਲ ਕੰਮ ਕਰਨਾ ਜਰੂਰੀ ਹੋ ਗਿਆ ਹੈ। ਇਸ ਲਈ ਸਟਾਫ ਦੀ ਉਚ [illegible]ਕ ਯੋਗਤਾ ਅਤੇ ਕੰਪਿਊਟਰ ਦੀ ਜਾਣਕਾਰੀ ਹੋਣੀ ਜਰੂਰੀ ਹੈ। ਬਹੁਤ ਸਾਰੀਆਂ ਸਭਾਵਾਂ ਵਿੱਚ ਇਸ ਸਮੇਂ ਆਪਣੇ ਕੰਮ ਵਿੱਚ ਕੰਪਿਊਟਰ ਦੀ ਵਰਤੋਂ ਕੀਤੀ ਜਾਂਦੀ ਹੈ ਅਤੇ ਇਸ ਤੋਂ ਇਲਾਵਾ ਕੇਂਦਰੀ ਸਹਿਕਾਰੀ ਬੈਂਕਾਂ, ਜਿਨ੍ਹਾਂ ਨਾਲ ਇਹ ਸਭਾਵਾਂ ਕਾਰੋਬਾਰ ਕਰਦੀਆਂ ਹਨ, ਵਿੱਚ ਵੀ ਕੋਰ ਬੈਕਿੰਗ ਸਲੂਸ਼ਨ ਲਾਗੂ ਹੋ ਚੁੱਕਿਆ ਹੈ। ਇਸ ਲਈ ਨਵੇਂ ਭਰਤੀ ਹੋਣ ਵਾਲੇ ਸਕੱਤਰ/ਸੇਲਜ਼ਮੈਨ ਦੀ ਉਚਿਤ ਯੋਗਿਤਾ ਅਤੇ ਕੰਪਿਊਟਰ ਦੀ ਜਾਣਕਾਰੀ ਹੋਰ ਵੀ ਜਰੂਰੀ ਹੋ ਗਈ ਹੈ।

ਇਸ ਲਈ ਉਪਰੋਕਤ ਸਰਵਿਸ ਰੂਲਜ਼ ਵਿੱਚ ਦੀ ਪੰਜਾਬ ਕੋਆਪਰੇਟਿਵ ਸੋਸਾਇਟੀਜ਼ ਰੂਲਜ਼, 1963 ਦੇ ਰੂਲ 28 ਅਧੀਨ ਹੇਠ ਲਿਖੇ ਅਨੁਸਾਰ ਸੋਧ ਕੀਤੀ ਜਾਂਦੀ ਹੈ :-

| ਲੜੀ ਨੰ. | ਰੂਲ | ਮੌਜੂਦਾ ਸਰਵਿਸ ਰੂਲ | ਸੋਧਿਆ ਸਰਵਿਸ ਰੂਲ |
|---|---|---|---|
| 1. | 6(1) | <u>ਸਕੱਤਰ</u><br>(I)10+2 ਘੱਟੋ ਘੱਟ 45% ਨੰਬਰ<br>ii) ਦਸਵੀਂ ਪਧੱਰ ਦੀ ਪੰਜਾਬੀ ਦੀ ਵਿਦਿਅਕ ਯੋਗਤਾ<br>(iii) ਤਿੰਨ ਸਾਲ ਦਾ ਸੇਲਜ਼ਮੈਨ ਸਭਾ ਦਾ ਤਜ਼ਰਬਾ<br>(iv)ਪੇਂਡੂ ਪਿਛੋਕੜ । | <u>ਸਕੱਤਰ</u><br>**(i) ਮਾਨਤਾ ਪ੍ਰਾਪਤ ਯੂਨੀਵਰਸਿਟੀ ਜਾਂ ਸੰਸਥਾ ਤੋਂ ਗਰੈਜੂਏਟ ਦੀ ਡਿਗਰੀ।**<br>ii) ਦਸਵੀਂ ਪਧੱਰ ਦੀ ਪੰਜਾਬੀ ਦੀ ਵਿਦਿਅਕ ਯੋਗਤਾ<br>**iii) ਉਮੀਦਵਾਰ ਨੇ ਭਾਰਤ ਸਰਕਾਰ ਦੇ ਇਲੈਕਟ੍ਰੋਨਿਕਸ਼ ਵਿਭਾਗ ਦੇ "ਓ" ਲੈਵਲ ਦੇ ਸਰਟੀਫਿਕੇਟ ਦਾ ਕੋਰਸ ਪਾਸ ਕੀਤਾ ਹੋਵੇ**<br>**ਜਾਂ**<br>**ਉਮੀਦਵਾਰ ਨੇ ਸਰਕਾਰ ਵੱਲੋਂ ਪ੍ਰਵਾਨਤ ਕਿਸੇ ਸੰਸਥਾ ਜਾਂ ਕਿਸੇ ਮਸਹੂਰ ਸੰਸਥਾ ਜੋ ISO 9001 ਅਨੁਸਾਰ ਤਸਦੀਕ ਸੁਦਾ ਹੋਵੇ ਤੋਂ ਘੱਟੋ-ਘੱਟ 120 ਘੰਟੇ ਦਾ ਹੇਠ ਲਿਖਿਆ ਕੋਰਸ ਪਾਸ ਕੀਤਾ ਹੋਵੇ :-**<br>**ਪਰਸਨਲ ਕੰਪਿਊਟਰ ਦਾ ਕੋਰਸ**<br>**ਜਾਂ**<br>**ਇਨਫੋਰਮੇਸ਼ਨ ਟੈਕਨੋਲੋਜੀ ਵਿੱਚ ਆਫਿਸ ਪ੍ਰੋਡਕਟੀਵਿਟੀ ਐਪਲੀਕੇਸ਼ਨ ਦਾ ਕੋਰਸ ਜਾਂ**<br>**ਡੈਸਕਟਾਪ ਪਬਲਿਸ਼ਿੰਗ ਦਾ ਕੋਰਸ**<br>iv) ਤਿੰਨ ਸਾਲ ਬਤੌਰ ਸੇਲਜ਼ਮੈਨ ਸਭਾ ਦਾ ਤਜਰਬਾ । |

| | | | |
|---|---|---|---|
| | | (v) ਐਗਰੀ. ਕੋਆਪ. ਸਟੇਟ ਟਰੇਨਿੰਗ ਇੰਚਸਟੀਚਿਊਟ ਜਲੰਧਰ ਪਾਸੋਂ ਟੈਸਟ/ ਟਰੇਨਿੰਗ ਪਾਸ ਕਰਨਾ ਹੋਵੇਗਾ । | v)ਪੇਂਡੂ ਪਿਛੋਕੜ ।<br><br>ਨੋਟ :- ਮੌਜੂਦਾ ਸੇਲਜ਼ਮੈਨ ਜੋ ਕਿ ਸਭਾ ਵਿੱਚ ਪਹਿਲਾਂ ਹੀ ਕੰਮ ਕਰ ਰਿਹਾ ਹੈ, ਨੂੰ ਸਕੱਤਰ ਦੀ ਅਸਾਮੀ ਤੇ ਪਦ-ਉਨਤ ਕਰਨ ਲਈ ਉਪਰੋਕਤ ਗਰੈਜੂਏਟ ਦੀ ਵਿਦਿਅਕ ਯੋਗਤਾ ਅਤੇ ਕੰਪਿਊਟਰ ਦੀ ਜਾਣਕਾਰੀ ਦੀ ਸੋਧ ਦੀ ਸ਼ਰਤ ਲਾਗੂ ਨਹੀਂ ਹੋਵੇਗੀ। |
| 2. | 6(ii) | ਸੇਲਜ਼ਮੈਨ<br>(i)10+2 ਘੱਟੋ ਘੱਟ 45% ਨੰਬਰ ।<br>(ii) ਦਸਵੀਂ ਪਧੱਰ ਦੀ ਪੰਜਾਬੀ ਦੀ ਵਿਦਿਅਕ ਯੋਗਤਾ<br>iii) ਪੇਂਡੂ ਪਿਛੋਕੜ । | ਸੇਲਜ਼ਮੈਨ<br>**(i) ਮਾਨਤਾ ਪ੍ਰਾਪਤ ਯੂਨੀਵਰਸਿਟੀ ਜਾਂ ਸੰਸਥਾ ਤੋਂ ਗਰੈਜੂਏਟ ਦੀ ਡਿਗਰੀ।**<br>ii) ਦਸਵੀਂ ਪਧੱਰ ਦੀ ਪੰਜਾਬੀ ਦੀ ਵਿਦਿਅਕ ਯੋਗਤਾ<br><br>**iii) ਉਮੀਦਵਾਰ ਨੇ ਭਾਰਤ ਸਰਕਾਰ ਦੇ ਇਲੈਕਟ੍ਰੋਨਿਕਸ ਵਿਭਾਗ ਦੇ "ਓ" ਲੈਵਲ ਦੇ ਸਰਟੀਫਿਕੇਟ ਦਾ ਕੋਰਸ ਪਾਸ ਕੀਤਾ ਹੋਵੇ**<br>**ਜਾਂ**<br>**ਉਮੀਦਵਾਰ ਨੇ ਸਰਕਾਰ ਵੱਲੋਂ ਪ੍ਰਵਾਨਤ ਕਿਸੇ ਸੰਸਥਾ ਜਾਂ ਕਿਸੇ ਮਸਹੂਰ ਸੰਸਥਾ ਜੋ ISO 9001 ਅਨੁਸਾਰ ਤਸਦੀਕ ਸੁਦਾ ਹੋਵੇ ਤੋਂ ਘੱਟੋ-ਘੱਟ 120 ਘੰਟੇ ਦਾ ਹੇਠ ਲਿਖਿਆ ਕੋਰਸ ਪਾਸ ਕੀਤਾ ਹੋਵੇ :-**<br><br>**ੳ). ਪਰਸਨਲ ਕੰਪਿਊਟਰ ਦਾ ਕੋਰਸ**<br>**ਜਾਂ**<br>**ਇਨਫੋਰਮੇਸ਼ਨ ਟੈਕਨੋਲੋਜੀ ਵਿੱਚ ਆਫਿਸ ਪ੍ਰੋਡਕਟੀਵਿਟੀ ਐਪਲੀਕੇਸ਼ਨ ਦਾ ਕੋਰਸ ਜਾਂ**<br>**ਡੈਸਕਟਾਪ ਪਬਲਿਸ਼ਿੰਗ ਦਾ ਕੋਰਸ**<br>iv)ਪੇਂਡੂ ਪਿਛੋਕੜ । |
| 3 | 10 | ਅਜਮਾਇਸ਼<br>i)ਸਰਵਿਸ ਵਿੱਚ ਨਿਯੁਕਤ ਕੀਤਾ ਵਿਅਕਤੀ ਇਕ ਸਾਲ ਦੇ ਸਮੇਂ ਲਈ ਅਜਮਾਇਸ਼ ਤੇ ਹੋਵੇਗਾ।<br>ii)ਜੇਕਰ ਸਰਵਿਸ ਤੇ ਨਿਯੁਕਤ ਕੀਤੇ ਵਿਅਕਤੀ ਦਾ ਕੰਮ ਤੇ ਚਰਿਤਰ ਅਜਮਾਇਸ਼ੀ ਸਮੇਂ ਵਿੱਚ ~~ਕ~~ ਕਮੇਟੀ ਦੇ ਵਿਚਾਰ ਵਿੱਚ ਨਾ ਤਸੱਲੀਬਖਸ਼ ਹੈ ਤਾਂ ਕਮੇਟੀ ਇਕ ਨੋਟਿਸ ਦੇਣ ਤੋਂ ਬਾਅਦ ਉਸ ਦੀਆਂ ਸੇਵਾਵਾਂ ਨੂੰ ਖਤਮ ਕਰ ਸਕਦੀ ਹੈ ਜਾਂ ਅਜਮਾਇਸ਼ੀ ਸਮੇਂ ਨੂੰ ਇਕ ਸਾਲ ਲਈ ਵਧਾ ਸਕਦੀ ਹੈ ਤਾਂ ਕਿ | ਅਜਮਾਇਸ਼<br>i)ਸਰਵਿਸ ਵਿੱਚ ਨਿਯੁਕਤ ਕੀਤਾ ਵਿਅਕਤੀ ਇਕ ਸਾਲ ਦੇ ਸਮੇਂ ਲਈ ਅਜਮਾਇਸ਼ ਤੇ ਹੋ ਹੋਵੇਗਾ।<br><br>**ii)ਅਜਮਾਇਸ਼ ਦੇ ਸਮੇਂ ਦੌਰਾਨ ਏ.ਸੀ.ਐਸ. ਟੀ. ਆਈ. ਜਲੰਧਰ ਦੁਆਰਾ ਸੰਚਾਲਿਤ ਟੈਸਟ/ਟ੍ਰੇਨਿੰਗ ਪਾਸ ਕਰਨਾ ਹੋਵੇਗਾ ।** |

| | | |
|---|---|---|
| | ਉਹ ਵਧੇ ਸਮੇਂ ਵਿੱਚ ਆਪਣੀ ਕੁਸ਼ਲਤਾ ਵਿੱਚ ਸੁਧਾਰ ਕਰਨ ਦੇ ਸਮਰੱਥ ਹੋ ਸਕੇ ।<br>(iii) ਅਜਮਾਇਸ਼ ਦੇ ਸਫਲਤਾ ਪੂਰਵਕ ਪੂਰਾ ਹੋਣ ਤੇ ਕਮੇਟੀ ਉਸ ਦੀਆਂ ਸੇਵਾਵਾਂ ਨੂੰ ਰੈਗੂਲਰ ਕਰ ਸਕਦੀ ਹੈ ਅਤੇ ਇਕ ਸਾਲ ਪੂਰਾ ਕਰਨ ਤੇ ਜਾਂ ਅਜਮਾਇਸ਼ ਦਾ ਵਧਿਆ ਸਮਾਂ ਪੂਰਾ ਕਰਨ ਤੇ ਇੰਨਕਰੀਮੈਂਟ ਦੀ ਆਗਿਆ ਦੇ ਸਕਦੀ ਹੈ | iii) ਜੇਕਰ ਸਰਵਿਸ ਤੇ ਨਿਯੁਕਤ ਕੀਤੇ ਵਿਅਕਤੀ ਦਾ ਕੰਮ ਤੇ ਚਰਿਤਰ ਅਜਮਾਇਸ਼ੀ ਸਮੇਂ ਵਿੱਚ ਕਮੇਟੀ ਦੇ ਵਿਚਾਰ ਵਿੱਚ ਨਾ ਤਸੱਲੀਬਖਸ਼ ਹੈ **ਜਾਂ ਉਸ ਵੱਲੋਂ ਏ.ਸੀ.ਐਸ.ਟੀ.ਆਈ.ਜਲੰਧਰ ਦੁਆਰਾ ਸੰਚਾਲਿਤ ਟੈਸਟ/ਟ੍ਰੇਨਿੰਗ ਇਸ ਸਮੇਂ ਵਿੱਚ ਪਾਸ ਨਹੀਂ ਕੀਤਾ ਜਾਂਦਾ** ਤਾਂ ਕਮੇਟੀ ਉਸ ਦੇ ਅਜ਼ਮਾਇਸੀ ਸਮੇਂ ਨੂੰ ਇੱਕ ਸਾਲ ਲਈ ਵਧਾ ਸਕਦੀ ਹੈ ਤਾਂ ਕਿ ਉਹ ਵਧੇ ਸਮੇਂ ਵਿੱਚ ਆਪਣੀ ਕੁਸ਼ਲਤਾ ਵਿੱਚ ਸੁਧਾਰ ਕਰਨ ਦੇ ਸਮਰੱਥ ਹੋ ਸਕੇ ਅਤੇ ਜੇਕਰ ਮੁੜ ਨਿਰਧਾਰਤ ਸਮੇਂ ਅੰਦਰ ਵੀ ਉਸ ਵੱਲੋ ਟੈਸਟ/ਟ੍ਰੇਨਿੰਗ ਪਾਸ ਨਹੀਂ ਕੀਤੀ ਜਾਂਦੀ ਤਾਂ ਪ੍ਰਬੰਧਕ ਕਮੇਟੀ ਵੱਲੋ ਉਸ ਦੀਆਂ ਸੇਵਾਵਾਂ ਖਤਮ ਕਰ ਦਿੱਤੀਆਂ ਜਾਣਗੀਆਂ ।<br>iii) ਅਜਮਾਇਸ਼ ਦੇ ਸਫਲਤਾ ਪੂਰਵਕ ਪੂਰਾ ਹੋਣ ਉਪਰੰਤ **ਅਤੇ ਉਸ ਵੱਲੋਂ ਨਿਰਧਾਰਤ ਟੈਸਟ/ਟ੍ਰੇਨਿੰਗ ਪਾਸ ਕਰਨ ਉਪਰੰਤ ਕਮੇਟੀ** ਉਸ ਦੀਆਂ ਸੇਵਾਵਾਂ ਨੂੰ ਰੈਗੂਲਰ ਕਰ ਸਕਦੀ ਹੈ। ਜਿਨ੍ਹੀ ਦੇਰ ਤੱਕ ਅਜ਼ਮਾਇਸੀ ਸਮਾਂ ਸਫਲਤਾ ਪੂਰਵਕ ਪੂਰਾ ਨਹੀਂ ਹੁੰਦਾ ਉਨ੍ਹੀ ਦੇਰ ਤੱਕ ਕਰਮਚਾਰੀ ਦੀ ਤਨਖਾਹ ਵਿੱਚ ਕਿਸੇ ਵੀ ਤਰ੍ਹਾਂ ਦਾ ਕੋਈ ਵਾਧਾ ਨਹੀਂ ਕੀਤਾ ਜਾਵੇਗਾ। |

ਉਪਰੋਕਤ ਸੋਧ ਤੁਰੰਤ ਪ੍ਰਭਾਵ ਤੋਂ ਲਾਗੂ ਹੋਵੇਗੀ।

20/11/13

(ਅਰੁਨਜੀਤ ਸਿੰਘ ਮਿਗਲਾਨੀ)
ਆਈ.ਏ.ਐਸ.,
ਰਜਿਸਟਰਾਰ, ਸਹਿਕਾਰੀ ਸਭਾਵਾਂ,
ਪੰਜਾਬ, ਚੰਡੀਗੜ੍ਹ।

ਪਿੱਠ ਅੰਕਣ ਨੰ: ਨੰ:ਰਸਸ/ਰਿਣ/ਸੀ.ਏ.5/ 679 ਮਿਤੀ 21-11-13

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਅਗਲੀ ਯੋਗ ਕਾਰਵਾਈ ਦੇ ਲਈ ਭੇਜਿਆ ਜਾਂਦਾ ਹੈ।

1. ਸਮੂਹ ਵਧੀਕ ਰਜਿਸਟਰਾਰ, ਮੁੱਖ ਦਫਤਰ।
2. ਸਮੂਹ ਪ੍ਰਬੰਧ ਨਿਰਦੇਸ਼ਕ, ਰਾਜ ਪੱਧਰੀ ਸਹਿਕਾਰੀ ਸੰਸਥਾਵਾਂ, ਪੰਜਾਬ, ਚੰਡੀਗੜ੍ਹ।
3. ਸਮੂਹ ਸੁਪਰਡੈਂਟ, ਮੁੱਖ ਦਫਤਰ।
4. ਪ੍ਰਬੰਧਕ ਨਿਰਦੇਸਕ, ਪੰਜਾਬ ਸਟੇਟ ਕੋਆਪ੍ਰੇਟਿਵ ਡਿਵੈਲਪਮੈਂਟ ਫੈਡਰੇਸ਼ਨ ਲਿਮ: (ਪੰਨਕੋਫੈਡ) ਚੰਡੀਗੜ੍ਹ ਨੂੰ ਸੂਚਨਾਂ ਅਤੇ "ਕੋਆਪ੍ਰੇਸ਼ਨ" ਰਸਾਲੇ ਵਿਚ ਪ੍ਰਕਾਸਿਤ ਕਰਨ ਬਾਰੇ।

21.11.13

ਵਧੀਕ ਰਜਿਸਟਰਾਰ (ਰਿਣ),
ਵਾਸਤੇ ਰਜਿਸਟਰਾਰ, ਸਹਿਕਾਰੀ ਸਭਾਵਾਂ,
ਪੰਜਾਬ, ਚੰਡੀਗੜ੍ਹ।

ਦਫ਼ਤਰ ਰਜਿਸਟਰਾਰ, ਸਹਿਕਾਰੀ ਸਭਾ ਡੀਗੜ੍ਹ
(ਰਿਣ ਸ਼ਾਖਾ-2)

ਹੁਕਮ:

ਮੁੱਢਲੀਆਂ ਖੇਤੀਬਾੜੀ ਸਹਿਕਾਰੀ ਸਭਾਵਾਂ ਵਿੱਚ ਕਿਸੇ ਵੀ ਮੁਲਾਜ਼ਮ ਦੀ ਭਰਤੀ ਲਈ ਪ੍ਰਵਾਨਗੀ ਦੇਣ ਦਾ ਅਧਿਕਾਰੀ ਸਮੂਹ ਸੰਯੁਕਤ ਰਜਿਸਟਰਾਰ, ਸਹਿਕਾਰੀ ਸਭਾਵਾਂ (ਖੇਤਰ ਵਿੱਚ) ਨੂੰ ਮੁੱਖ ਦਫ਼ਤਰ ਦੇ ਹੁਕਮ ਪਿੱਠ ਅੰਕਣ ਨੰ: ਰਿਣ/ਸੀਏ.2/ਪਾਲਿਸੀ/25 ਮਿਤੀ 10.1.2011 ਰਾਂਹੀਂ ਦਿੱਤਾ ਗਿਆ ਸੀ।

ਪੰਜਾਬ ਰਾਜ ਸਹਿਕਾਰੀ ਖੇਤੀਬਾੜੀ ਸਭਾਵਾਂ ਸਰਵਿਸ ਨਿਯਮ, 1997 ਦੇ ਨਿਯਮ 5 (i) ਅਨੁਸਾਰ ਮੁੱਢਲੀਆਂ ਸਹਿਕਾਰੀ ਸਭਾਵਾਂ ਵਿੱਚ ਕੋਈ ਵੀ ਨਿਯੁਕਤੀ ਰਜਿਸਟਰਾਰ, ਸਹਿਕਾਰੀ ਸਭਾਵਾਂ, ਪੰਜਾਬ ਦੀ ਅਗੇਤਰੀ ਪ੍ਰਵਾਨਗੀ ਨਾਲ ਹੀ ਕੀਤੀ ਜਾਣੀ ਚਾਹੀਦੀ ਹੈ। ਉਪਰੋਕਤ ਮਸਲੇ ਨੂੰ ਮੁੜ ਵਿਚਾਰਦੇ ਹੋਏ ਮੁੱਢਲੀਆਂ ਖੇਤੀਬਾੜੀ ਸਹਿਕਾਰੀ ਸਭਾਵਾਂ ਵਿੱਚ ਮੁਲਾਜ਼ਮਾਂ ਦੀ ਭਰਤੀ ਦੀ ਪ੍ਰਵਾਨਗੀ ਸਬੰਧੀ ਇਸ ਦਫ਼ਤਰ ਦਾ ਪੱਤਰ ਪਿੱਠ ਅੰਕਣ ਨੰ: ਰਿਣ/ਸੀਏ.2/ਪਾਲਿਸੀ/25 ਮਿਤੀ 10.1.2011 ਤੁਰੰਤ ਵਾਪਸ ਲਿਆ ਜਾਂਦਾ ਹੈ। ਭਵਿੱਖ ਵਿੱਚ ਰਾਜ ਦੀਆਂ ਸਹਿਕਾਰੀ ਖੇਤੀਬਾੜੀ ਸਭਾਵਾਂ ਵਿੱਚ ਮੁਲਾਜ਼ਮਾਂ ਦੀ ਭਰਤੀ ਦੀ ਪ੍ਰਵਾਨਗੀ ਲਈ ਕੇਸ ਸਬੰਧਤ ਸੰਯੁਕਤ ਰਜਿਸਟਰਾਰ ਰਾਂਹੀਂ ਮੁੱਖ ਦਫ਼ਤਰ ਨੂੰ ਪ੍ਰਵਾਨਗੀ ਲਈ ਭੇਜੇ ਜਾਣ। ਸੰਯੁਕਤ ਰਜਿਸਟਰਾਰ ਵਲੋਂ ਸਭਾਵਾਂ ਵਿੱਚ ਭਰਤੀ ਸਬੰਧੀ ਨਾਰਮਜ਼, ਰੂਲਾਂ/ਹਦਾਇਤਾਂ, ਸਭਾ ਦਾ ਬਿਜ਼ਨਸ/ਆਮਦਨ, ਸਭਾ ਦੀ ਵਿੱਤੀ ਸਥਿਤੀ, ਮੁਲਾਜ਼ਮ ਰੱਖਣ ਦੀ ਜ਼ਰੂਰਤ ਆਦਿ ਅਤੇ ਹੋਰ ਮਹੱਤਵਪੂਰਣ ਪਹਿਲੂਆਂ ਨੂੰ ਧਿਆਨ ਵਿੱਚ ਰੱਖ ਕੇ ਹੀ ਹਰ ਪੱਖੋਂ ਮੁਕੰਮਲ ਕੇਸ ਆਪਣੀ ਸਿਫਾਰਸ਼ ਸਹਿਤ ਕੇਸ ਮੁੱਖ ਦਫ਼ਤਰ ਨੂੰ ਪ੍ਰਵਾਨਗੀ ਹਿੱਤ ਭੇਜਿਆ ਜਾਵੇਗਾ।

ਇਹ ਹਦਾਇਤਾਂ ਤੁਰੰਤ ਲਾਗੂ ਹੋਣਗੀਆਂ।

ਮਿਤੀ:

23/5/14
ਰਜਿਸਟਰਾਰ,
ਸਹਿਕਾਰੀ ਸਭਾਵਾਂ, ਪੰਜਾਬ,
ਚੰਡੀਗੜ੍ਹ 23/5/14

ਪਿੱਠ ਅੰਕਣ ਨੰ: ਰਿਣ-2/ਸੀਈਏ.1/ਪਾਲਿਸੀ/ 2582 ਮਿਤੀ: 23.5.14

ਉਕੱਤ ਦਾ ਇੱਕ ਉਤਾਰਾ ਹੇਠ ਲਿਖਿਆਂ ਨੂੰ ਭੇਜਿਆ ਜਾਂਦਾ ਹੈ:-

1. ਨਿੱਜੀ ਸਹਾਇਕ ਟੂ ਰਜਿਸਟਰਾਰ, ਸਹਿਕਾਰੀ ਸਭਾਵਾਂ, ਪੰਜਾਬ ਨੂੰ ਰਜਿਸਟਰਾਰ, ਸਹਿਕਾਰੀ ਸਭਾਵਾਂ, ਪੰਜਾਬ ਜੀ ਦੀ ਜਾਣਕਾਰੀ ਹਿੱਤ।
2. ਸਮੂਹ ਸੰਯੁਕਤ ਰਜਿਸਟਰਾਰ, ਸਹਿਕਾਰੀ ਸਭਾਵਾਂ (ਖੇਤਰ ਵਿੱਚ) ਨੂੰ ਭੇਜ ਕੇ ਹਦਾਇਤ ਕੀਤੀ ਜਾਂਦੀ ਹੈ ਕਿ ਉਕੱਤ ਹੁਕਮਾਂ ਦੀ ਤੁਰੰਤ ਪਾਲਣਾਂ ਯਕੀਨੀ ਬਣਾਈ ਜਾਵੇ ਅਤੇ ਉਨ੍ਹਾਂ ਪਾਸ ਪੈਂਡਿੰਗ ਪਏ ਕੇਸ ਪ੍ਰਵਾਨਗੀ ਹਿੱਤ ਮੁੱਖ ਦਫ਼ਤਰ ਨੂੰ ਭੇਜੇ ਜਾਣੇ ਯਕੀਨੀ ਬਣਾਏ ਜਾਣ।
3. ਸਮੂਹ ਉਪ / ਸਹਾਇਕ ਰਜਿਸਟਰਾਰ, ਸਹਿਕਾਰੀ ਸਭਾਵਾਂ, ਪੰਜਾਬ ਰਾਜ ਵਿੱਚ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ
4. ਸਮੂਹ ਗਜ਼ਟਿਡ ਅਧਿਕਾਰੀ, ਮੁੱਖ ਦਫ਼ਤਰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ

23/5/14
ਉਪ ਰਜਿਸਟਰਾਰ (ਇਨਫੋਰਸਮੈਂਟ)
ਵਾ: ਰਜਿਸਟਰਾਰ, ਸਹਿਕਾਰੀ ਸਭਾਵਾਂ, ਪੰਜਾਬ,
ਚੰਡੀਗੜ੍ਹ 23/5/14

ਦਫਤਰ ਰਜਿਸਟਰਾਰ ਸਹਿਕਾਰੀ ਸਭਾਵਾਂ, ਪੰਜਾਬ, ਚੰਡੀਗੜ੍ਹ।
(ਰਿਣ ਸ਼ਾਖਾ)

ਵੱਲ

ਸਮੂਹ ਸੰਯੁਕਤ/ਉਪ/ਸਹਾਇਕ ਰਜਿਸਟਰਾਰ,
ਸਹਿਕਾਰੀ ਸਭਾਵਾਂ, ਖੇਤਰ ਵਿੱਚ।

ਨੰ:ਰਸਸ/ਰਿਣ-2/ਈ.ਸੀ.ਏ./ 4077
ਮਿਤੀ : 12/5/15

ਵਿਸ਼ਾ : ਸਭਾਵਾਂ ਵਿੱਚ ਨਵੇਂ ਮੁਲਾਜ਼ਮਾਂ ਦੀ ਭਰਤੀ ਬਾਰੇ।

ਇਹ ਦੇਖਣ ਵਿੱਚ ਆਇਆ ਹੈ ਕਿ ਖੇਤਰੀ ਦਫਤਰ ਵੱਲੋਂ ਸਭਾਵਾਂ ਵਿੱਚ ਨਵੇਂ ਮੁਲਾਜ਼ਮਾਂ ਦੀ ਭਰਤੀ ਲਈ ਕੇਸ ਮੁੱਖ ਦਫਤਰ ਨੂੰ ਭੇਜੇ ਜਾਂਦੇ ਹਨ ਪ੍ਰੰਤੂ ਉਨ੍ਹਾਂ ਸਭਾਵਾਂ ਵਿੱਚ ਕੰਮ ਕਾਰ ਬਹੁਤ ਘੱਟ ਹੁੰਦਾ ਹੈ। ਸਭਾ ਦੇ ਸੇਲਜ਼ਮੈਨ ਸਭਾ ਵਿੱਚ, ਆਪਣੇ ਵਿਸ਼ੇ ਨਾਲ ਸਬੰਧਤ ਖਾਦ, ਜਰੂਰੀ ਵਸਤਾਂ ਆਦਿ ਦੀ ਵੰਡ ਤੋਂ ਇੰਨੀ ਆਮਦਨੀ ਪੈਦਾ ਨਹੀਂ ਕਰਦੇ ਜਿਨ੍ਹੀ ਕਿ ਉਹ ਤਨਖਾਹ ਲੈਂਦੇ ਹਨ। ਬਹੁਤ ਸਾਰੀਆਂ ਸਭਾਵਾਂ ਵਿੱਚ ਸਟਾਫ ਦੀ ਤਨਖਾਹ ਦਾ ਖਰਚ ਵਿਆਜ਼ ਤੋਂ ਮਿਲਣ ਵਾਲੇ ਕਮਿਸ਼ਨ ਅਤੇ ਹੋਰ ਕਾਰਜਾਂ ਤੋਂ ਹੋਣ ਵਾਲੀ ਆਮਦਨ ਤੋਂ ਜਿਆਦਾ ਹੈ। ਉਪਰੋਕਤ ਦੀ ਰੋਸ਼ਨੀ ਵਿੱਚ ਹਦਾਇਤ ਕੀਤੀ ਜਾਂਦੀ ਹੈ ਕਿ ਕਿਸੇ ਵੀ ਤਰ੍ਹਾਂ ਦੀ ਨਵੀਂ ਭਰਤੀ, ਭਾਵੇ ਉਹ ਤਰਸ ਦੇ ਆਧਾਰ ਤੇ ਹੀ ਕਿਉਂ ਨਾ ਹੋਵੇ, ਦਾ ਕੇਸ ਸੰਯੁਕਤ ਰਜਿਸਟਰਾਰ ਜਾ ਮੁੱਖ ਦਫਤਰ ਨੂੰ ਭੇਜਣ ਤੋਂ ਪਹਿਲਾਂ ਸਭਾ ਦੀ ਆਮਦਨੀ ਨੂੰ ਇਸ ਪੱਧਰ ਤੱਕ ਵਧਾ ਲਿਆ ਜਾਵੇ ਕਿ ਮੌਜੂਦਾ ਅਤੇ ਨਵੇਂ ਭਰਤੀ ਹੋਣ ਵਾਲੇ ਕਰਮਚਾਰੀਆਂ ਦੀ ਤਨਖਾਹ ਦੀ ਪੂਰਤੀ ਆਉਂਦੇ 5 ਸਾਲਾਂ ਤੱਕ ਯਕੀਨੀ ਬਣਾਈ ਜਾ ਸਕੇ। ਜੇਕਰ ਸਭਾ ਦੀ ਆਮਦਨੀ ਮੁਲਾਜ਼ਮਾਂ ਨੂੰ ਦਿੱਤੀ ਜਾਣ ਵਾਲੀ ਤਨਖਾਹ ਤੋਂ ਘੱਟ ਜਾਵੇਗੀ ਤਾਂ ਸਭਾ ਘਾਟੇ ਵਿੱਚ ਚਲੇ ਜਾਵੇਗੀ ਅਤੇ ਸਭਾ ਆਪਣੇ ਮੈਂਬਰਾਂ ਨੂੰ ਯੋਗ ਸੇਵਾਵਾਂ ਨਹੀਂ ਦੇ ਸਕੇਗੀ। ਇਹ ਵੀ ਖਦਸ਼ਾ ਹੈ ਕਿ ਮੈਂਬਰਾਂ ਤੋਂ ਪ੍ਰਾਪਤ ਹੋਈ ਵਸੂਲੀ ਸਭਾ ਦੇ ਕਰਮਚਾਰੀਆਂ ਦੀ ਤਨਖਾਹ ਦੇਣ ਵਿੱਚ ਵਰਤੀ ਜਾਵੇ ਅਤੇ ਸਭਾ ਵਿੱਚ ਗਬਨ ਹੋ ਜਾਵੇ।

ਸਹਾਇਕ ਅਤੇ ਉਪ- ਰਜਿਸਟਰਾਰ ਨਿੱਜੀ ਤੌਰ ਤੇ ਇਹ ਯਕੀਨੀ ਬਣਾਉਣ ਕਿ ਸਭਾ ਦੇ ਮੈਂਬਰਾਂ ਵੱਲ ਲੱਗਦੇ ਕਰਜ਼ੇ ਤੋਂ ਹੋਣ ਵਾਲੀ ਵਸੂਲੀ ਦੇ ਵਿਚੋਂ ਮਿਲਣ ਵਾਲੇ ਮਾਰਜ਼ਨ/ਕਮਿਸ਼ਨਰ, ਖਾਦ ਅਤੇ ਜਰੂਰੀ ਵਸਤਾਂ ਆਦਿ ਤੋਂ ਹੋਣ ਵਾਲੀ ਆਮਦਨ ਦੇ ਬਿਲਕੁਲ ਸਹੀ ਅੰਕੜੇ ਪੇਸ਼ ਕੀਤੇ ਜਾਣ। ਜੇਕਰ ਉਹ ਅਜਿਹਾ ਨਹੀਂ ਕਰਦੇ ਤਾਂ ਉਨ੍ਹਾਂ ਤੋਂ ਇਸ ਸਬੰਧੀ ਸਪਸ਼ਟੀਕਰਨ ਮੰਗਿਆ ਜਾਵੇਗਾ

12.5.2015
ਵਧੀਕ ਰਜਿਸਟਰਾਰ (ਰਿਣ)

ਪਿੱਠ ਅੰਕਣ ਨੰ:ਰਸਸ/ਰਿਣ-2/ਈ.ਸੀ.ਏ./ 4078 ਮਿਤੀ : 12/5/15

ਉਪਰੋਕਤ ਦਾ ਉਤਾਰਾ ਐਮ.ਡੀ., ਪੰਨਕੋਫੈਡ ਨੂੰ ਇਹ ਪੱਤਰ ਪੰਜਾਬ ਕੋਆਪਰੇਸ਼ਨ ਰਸਾਲੇ ਵਿੱਚ ਛਾਪਣ ਲਈ ਭੇਜਿਆ ਜਾਂਦਾ ਹੈ।

12.5.2015
ਵਧੀਕ ਰਜਿਸਟਰਾਰ (ਰਿਣ)

## ਦਫਤਰ ਰਜਿਸਟਰਾਰ ਸਹਿਕਾਰੀ ਸਭਾਵਾਂ, ਪੰਜਾਬ, ਚੰਡੀਗੜ੍ਹ।
## (ਰਿਣ - 2 ਸ਼ਾਖਾ)

ਵੱਲ

ਸਮੂਹ ਸੰਯੁਕਤ/ਉਪ/ਸਹਾਇਕ ਰਜਿਸਟਰਾਰ,
ਸਹਿਕਾਰੀ ਸਭਾਵਾਂ, ਪੰਜਾਬ ਰਾਜ ਵਿੱਚ।

ਨੰ:ਰਸਸ/ਰਿਣ-2/ਈ.ਸੀ.ਏ.1/ 7273
ਮਿਤੀ : 7/8/15

ਵਿਸ਼ਾ : ਦੀ ਪੰਜਾਬ ਰਾਜ ਸਹਿਕਾਰੀ ਖੇਤੀਬਾੜੀ ਸੇਵਾ ਸਭਾਵਾਂ ਸੇਵਾ ਨਿਯਮਾਂ, 1997 ਦੇ ਨਿਯਮ 20 ਤਹਿਤ ਸੇਵਾ ਨਿਯਮ 6(ii) ਦੀ ਵਿਆਖਿਆ ਕਰਨ ਸਬੰਧੀ ਦਾਇਰ ਕੀਤੀ ਗਈ ਪਟੀਸ਼ਨ।

ਉਪਰੋਕਤ ਪਟੀਸ਼ਨ ਰਾਹੀਂ ਬੇਨਤੀ ਕੀਤੀ ਗਈ ਹੈ ਕਿ ਪੰਜਾਬ ਰਾਜ ਸਹਿਕਾਰੀ ਖੇਤੀਬਾੜੀ ਸੇਵਾ ਨਿਯਮ 1997 ਦੇ ਨਿਯਮ 20 ਅਧੀਨ ਉਕਤ ਸੇਵਾ ਨਿਯਮ ਦੇ ਨਿਯਮ 6(ii) ਦੀ ਵਿਆਖਿਆ ਦਿੱਤੀ ਜਾਵੇ।

ਇਸ ਪਟੀਸ਼ਨ ਵਿੱਚ ਉਪਰੋਕਤ ਸੇਵਾ ਨਿਯਮ ਦੇ ਨਿਯਮ 6(ii) ਵਿੱਚ ਦਰਜ ਪ੍ਰਾਇਮਰੀ ਸਹਿਕਾਰੀ ਖੇਤੀਬਾੜੀ ਸਭਾਵਾਂ ਦੇ ਵਿੱਚ ਸੇਲਜ਼ਮੈਨ ਕਮ ਕਲਰਕ ਕੰਮ ਕੈਸ਼ੀਅਰ ਨਿਯੁਕਤ ਕਰਨ ਲਈ ਲੋੜੀਂਦੀਆਂ ਯੋਗਤਾਵਾਂ ਵਿੱਚ "ਦਿਹਾਤੀ ਪਿਛੋਕੜ" ਦੀ ਵਿਆਖਿਆ ਕਰਨ ਦੀ ਬੇਨਤੀ ਕੀਤੀ ਗਈ ਹੈ। ਇਹ ਨੁਕਤਾ ਉਠਾਇਆ ਗਿਆ ਹੈ ਕਿ ਸਭਾ ਦੇ ਦਾਇਰਾ ਕਾਰੋਬਾਰ ਵਿੱਚ ਪੈਂਦੇ ਪਿੰਡਾਂ ਦਾ ਵਿਅਕਤੀ ਹੀ ਸੇਲਜ਼ਮੈਨ ਨਿਯੁਕਤ ਕੀਤਾ ਜਾ ਸਕਦਾ ਹੈ ਜਾਂ ਦਿਹਾਤੀ ਪਿਛੋਕੜ ਵਾਲਾ ਕੋਈ ਵੀ ਵਿਅਕਤੀ ਇਸ ਅਸਾਮੀ ਲਈ ਯੋਗ ਮੰਨਿਆ ਜਾ ਸਕਦਾ ਹੈ।

ਮਾਨਯੋਗ ਰਜਿਸਟਰਾਰ, ਸਹਿਕਾਰੀ ਸਭਾਵਾਂ ਵੱਲੋਂ ਇਸ ਬਾਰੇ ਹੇਠ ਲਿਖੀ ਵਿਆਖਿਆ ਜਾਰੀ ਕਰਨ ਲਈ ਕਿਹਾ ਗਿਆ ਹੈ:-

"As per Rules there is no provision making it essential for applicants for post of Salesman/Secretary of PACS to belong to the village within jurisdiction of the Society."

7.8.2015
ਵਧੀਕ ਰਜਿਸਟਰਾਰ (ਰਿਣ)

ਪਿੱਠ ਅੰਕਣ ਨੰ: ਰਸਸ/ਰਿਣ-2/ਈ.ਸੀ.ਏ.1/ 7274
ਮਿਤੀ : 7/8/15

ਉਪਰੋਕਤ ਦਾ ਉਤਾਰਾ ਸ੍ਰੀ ਰਨਦੀਪ ਸਿੰਘ ਪੁੱਤਰ ਸ੍ਰੀ ਰਾਮਬੀਰ ਸਿੰਘ, ਵਾਸੀ ਪਿੰਡ ਗਾਰਦੀ ਨਗਰ, ਡਾਕ. ਖੂਹ, ਤਹਿ. ਰਾਜਪੁਰਾ, ਜਿਲ੍ਹਾ ਪਟਿਆਲਾ। ਰਾਹੀਂ ਸ੍ਰੀ ਮੋਹਿੰਦਰ ਸਿੰਘ ਬੇਦੀ ਅਤੇ ਹਰਜੋਤ ਸਿੰਘ ਬੇਦੀ ਦੋਵੇਂ ਵਕੀਲ, ਮਕਾਨ ਨੰ: 1259, ਸੈਕਟਰ 37/ਬੀ, ਚੰਡੀਗੜ੍ਹ ਨੂੰ ਉਨ੍ਹਾਂ ਵੱਲੋਂ ਮਾਨਯੋਗ ਰਜਿਸਟਰਾਰ, ਸਹਿਕਾਰੀ ਸਭਾਵਾਂ, ਪੰਜਾਬ ਕੋਲ ਪਾਈ ਪਟੀਸ਼ਨ, ਸ੍ਰੀ ਰਨਦੀਪ ਸਿੰਘ ਬਨਾਮ ਉਪ-ਰਜਿਸਟਰਾਰ, ਸਹਿਕਾਰੀ ਸਭਾਵਾਂ, ਪਟਿਆਲਾ ਅਤੇ ਹੋਰ ਦੇ ਸਬੰਧ ਵਿੱਚ ਸੂਚਨਾ ਹਿਤ ਭੇਜਿਆ ਜਾਂਦਾ ਹੈ।

ਸਹੀ/-
ਵਧੀਕ ਰਜਿਸਟਰਾਰ (ਰਿਣ)